بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.06.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਜੂਨ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਇਸ ਬਾਰੇ ਅੱਜ ਹੋਰ ਵਰਨਣ ਕਰਾਂਗਾ । ਜ਼ੈਦ ਬਿਨ ਅਸਲਮ ਆਪਣੇ ਪਿਤਾ ਅਸਲਮ ਤੋਂ ਰਿਵਾਇਤ ਕਰਦੇ ਹਨ ਕਿ ਉਹ ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਨਾਲ ਮਦੀਨੇ ਤੋਂ ਤਿੰਨ ਮੀਲ ਦੀ ਦੂਰੀ'ਤੇ ਸਰਾਰ ਨਾਂ ਦੀ ਥਾਂ'ਤੇ ਸਨ । ਜਿੱਥੇ ਉਹਨਾਂ ਨੇ ਦੇਖਿਆ ਕੋਈ ਮੁਸਾਫ਼ਰ ਹਨ ਜਿੰਨ੍ਹਾ ਨੂੰ ਰਾਤ ਤੇ ਠੰਡ ਨੇ ਰੋਕ ਰੱਖਿਆ ਹੈ । ਉਹ ਉਹਨਾ ਦੇ ਨੇੜੇ ਗਏ ਤਾਂ ਦੇਖਿਆ ਕਿ ਇਕ ਇਸਤਰੀ ਦੇ ਨਾਲ ਉਸਦੇ ਕੁਝ ਬੱਚੇ ਹਨ ਅਤੇ ਇਕ ਹਾਂਡੀ ਅੱਗ'ਤੇ ਚੜ੍ਹੀ ਹੋਈ ਹੈ । ਬੱਚੇ ਭੁੱਖ ਦੇ ਸਬਬ ਵਿਲਕ ਵਿਲਕ ਕੇ ਰੋ ਰਹੇ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸ ਇਸਤਰੀ ਨੂੰ ਬੱਚਿਆਂ ਦੇ ਰੋਣ ਦਾ ਸਬਬ ਪੁੱਛਿਆ ਤਾਂ ਉਸ ਨੇ ਕਿਹਾ ਕਿ ਬੱਚੇ ਭੁੱਖ ਨਾਲ ਰੋ ਰਹੇ ਹਨ । ਆਪ ਨੇ ਪੁੱਛਿਆ ਇਸ ਹਾਂਡੀ ਵਿੱਚ ਕੀ ਹੈ ? ਉਸ ਇਸਤਰੀ ਨੇ ਉਤੱਰ ਦਿਤੱਾ ਕਿ ਇਸ ਵਿੱਚ ਕੇਵਲ ਪਾਣੀ ਹੈ ਅਤੇ ਇਸ ਰਾਹੀਂ ਮੈਂ ਬੱਚਿਆਂ ਨੂੰ ਹੌਂਸਲਾ ਦੇ ਰਹੀ ਹਾਂ ਤਾਂ ਜੋ ਉਹ ਸੌਂ ਜਾਣ । ਅਲੱਾਹ ਸਾਡੇ ਤੇ ਉਮਰ ਵਿੱਚ ਫ਼ੈਸਲਾ ਕਰੇਗਾ । ਆਪ ਨੇ ਫ਼ਰਮਾਇਆ ਹੇ ਇਸਤਰੀ ! ਅਲੱਾਹ ਤੁਹਾਡੇ'ਤੇ ਰਹਿਮ ਕਰੇ, ਉਮਰ ਰਜ਼ੀ ਅਲੱਾਹੁ ਅਨਹੁ ਨੂੰ ਤੁਹਾਡੀ ਹਾਲਤ ਕਿਵੇਂ ਪਤਾ ਲੱਗ ਸਕਦੀ ਹੈ ? ਉਸ ਇਸਤਰੀ ਨੇ ਕਿਹਾ, ਉਮਰ ਰਜ਼ੀ ਅਲੱਾਹੁ ਅਨਹੁ ਸਾਡੇ ਕਾਰਜਾਂ ਦੇ ਨਿਗਰਾਨ ਹਨ ਅਤੇ ਸਾਡੇ ਤੋਂ ਗ਼ਾਫ਼ਲ ਹਨ । ਅਸਲਮ ਕਹਿੰਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮੱਕੇ ਅਤੇ ਮਦੀਨੇ ਵਿਚਕਾਰ ਕਈ ਸਰਾਵਾਂ ਬਣਵਾਈਆਂ ਸਨ । ਜਿੱਥੇ ਜਾਤਰੀਆਂ ਦੇ ਲੋੜ ਦੀਆਂ ਸਾਰੀਆਂ ਵਸਤਾਂ ਉਪਲਭਦ ਸਨ । ਤੇਜ਼ੀ ਨਾਲ ਚਲਦੇ ਹੋਏ ਇਕ ਅਨਾਜ ਦੇ ਗੋਦਾਮ ਪਹੁੰਚੇ ਅਤੇ ਇਕ ਬੋਰਾ ਅਨਾਜ, ਇਕ ਡਬੱਾ ਥਿੰਦੇ ਦਾ ਲੈਕੇ ਫ਼ਰਮਾਇਆ ਕਿ ਇਹ ਮੈਨੂੰ ਚੁਕਾ ਦਿਓ । ਅਸਲਮ ਕਹਿੰਦੇ ਹਨ ਕਿ ਮੈਂ ਬਿਨਤੀ ਕੀਤੀ ਕਿ ਆਪਦੀ ਥਾਂ ਮੈਂ ਚੁੱਕ ਲੈਂਦਾ ਹਾਂ । ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਦੋ ਤਿੰਨ ਵਾਰ

ਫ਼ਰਮਾਇਆ ਕਿ ਮੈਨੂੰ ਚੁਕਾ ਦਿਓ । ਅਖੀਰ ਮੇਰੇ ਬਹੁਤਾ ਆਖਣ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫਰਮਾਇਆ ਤੇਰਾ ਭਲਾ ਹੋਵੇ, ਕੀ ਪਰਲੈ ਦੇ ਦਿਨ ਵੀ ਤੁਸੀਂ ਮੇਰਾ ਭਾਰ ਚੁੱਕੋਗੇ । ਇਸ ਦੇ ਬਾਦ ਆਪ ਰਜ਼ੀ ਅਲੱਾਹੁ ਅਨਹੁ ਉਹ ਬੋਰਾ ਚੁੱਕ ਕੇ ਤੇਜ਼ੀ ਨਾਲ ਉਸ ਇਸਤਰੀ ਕੋਲ ਪਹੁੰਚੇ । ਖਾਣਾ ਤਿਆਰ ਕਰਨ ਵਿੱਚ ਉਸ ਗ਼ਰੀਬ ਇਸਤਰੀ ਦੀ ਮਦਦ ਕੀਤੀ ਅਤੇ ਫਿਰ ਉੱਥੇ ਹੀ ਠਹਿਰੇ ਰਹੇ ਜੱਦ ਤੱਕ ਬੱਚਿਆਂ ਨੇ ਢਿੱਡ ਭਰਕੇ ਖਾਣਾ ਖਾਧਾ ਅਤੇ ਸੌਂ ਨ ਗਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਰੁਹਬ ਦੇ ਦਬਦਬੇ ਤੋਂ ਕੈਸਰੋ ਕਿਸਰਾ ਦੀਆਂ ਸਰਕਾਰਾਂ ਕੰਬਦੀਆਂ ਸਨ, ਪਰ ਆਪ ਰਜ਼ੀ ਅਲੱਾਹੁ ਅਨਹੁ ਇਕ ਬੱਦੂ ਇਸਤਰੀ ਦੇ ਬੱਚਿਆਂ ਨੂੰ ਭੁਖੱਾ ਦੇਖਕੇ ਤੜਪ ਉੱਠੇ । ਇਹਨਾ ਲੋਕਾਂ ਲਈ ਮਨੁੱਖੀ ਲੋੜਾਂ ਨੂੰ ਉਪਲਭਦ ਕਰਾਉਂਣਾ ਜੋ ਇਸਦੀ ਸਮਰਥਾ ਨਹੀਂ ਰਖੱਦੇ ਇਸਲਾਮੀ ਸਰਕਾਰ ਦਾ ਕਰਤਵ ਹੈ । ਲੋੜਵੰਦਾ ਨੂੰ ਜੋ ਵਜ਼ੀਫ਼ੇ ਦਿੰਦੇ ਜਾਂਦੇ ਹਨ ਇਹ ਸੁਸਤੀ ਤੇ ਵਿਹਲੇ ਰਹਿਣ ਲਈ ਨਹੀਂ । ਇਸਲਾਮ ਜਿੱਥੇ ਗ਼ਰੀਬਾਂ ਦੀ ਖ਼ਬਰਗੀਰੀ ਦਾ ਹੁਕਮ ਦਿੰਦਾ ਹੈ ਉੱਥੇ ਮੰਗਣ ਤੋਂ ਵੀ ਲੋਕਾਂ ਨੂੰ ਰੋਕਦਾ ਹੈ । ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਭਿਖਾਰੀ ਨੂੰ ਦੇਖਿਆ ਕਿ ਉਸ ਦੀ ਝੋਲੀ ਆਟੇ ਨਾਲ ਭਰੀ ਹੋਈ ਸੀ ਅਤੇ ਉਹ ਫਿਰ ਵੀ ਮੰਗ ਰਿਹਾ ਸੀ । ਆਪ ਰਜ਼ੀ ਅਲੱਾਹੁ ਅਨਹੁ ਨੇ ਉਸ ਤੋਂ ਆਟਾ ਲੈਕੇ ਊਠਾਂ ਅੱਗੇ ਪਾ ਦਿਤੱਾ ਅਤੇ ਫ਼ਰਮਾਇਆ ਹੁਣ ਮੰਗ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਅਜ਼ਾਦ ਕੀਤੇ ਇਹੋ ਗ਼ੁਲਾਮ ਅਸਲਮ ਇਕ ਹੋਰ ਘਟਨਾ ਵਰਨਣ ਕਰਦੇ ਹਨ ਕਿ ਇਕ ਵਾਰ ਵਪਾਰੀਆਂ ਦਾ ਇਕ ਜਥੱਾ ਮਦੀਨੇ ਆਇਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਨਾਲ ਲੈਕੇ ਉਹਨਾ ਦੇ ਪਹਿਰੇ ਲਈ ਚੱਲ ਪਏ । ਇਕ ਅਤਿਅੰਤ ਛੋਟੇ ਬੱਚੇ ਦੇ ਰੋਣ ਦੀ ਆਵਾਜ਼ ਨੇ ਆਪ ਨੂੰ ਬੇਚੈਨ ਕਰ ਦਿਤੱਾ । ਆਪਨੇ ਉਸਦੀ ਮਾਂ ਨੂੰ ਬੱਚੇ ਦਾ ਧਿਆਨ ਰਖੱਣ ਲਈ ਕਿਹਾ ਪਰ ਬੱਚੇ ਦੇ ਵਿਲਕਣ ਦੀ ਅਵਾਜ਼ ਸਾਰੀ ਰਾਤ ਆਉਂਦੀ ਰਹੀ । ਸਵੇਰ ਹੁੰਦਿਆਂ ਹੀ ਆਪ ਰਜ਼ੀ ਅਲੱਾਹੁ ਅਨਹੁ ਉਸ ਇਸਤਰੀ ਦੇ ਤੰਬੂ ਵਿੱਚ ਗਏ ਅਤੇ ਬੱਚੇ ਦੇ ਰੋਣ ਦਾ ਸਬਬ ਪੁੱਛਿਆ । ਉਸ ਇਸਤਰੀ ਨੇ ਕਿਹਾ ਕਿ ਮੈਂ ਇਸ ਨੂੰ ਦੁੱਧ ਤੋਂ ਬਿਨਾ ਦੂਜੀ ਖ਼ੁਰਾਕ ਦੇਣ ਵੱਲ ਅਕਰਸ਼ਤ ਕਰਨਾ ਚਾਹੁੰਦੀ ਹਾਂ ਪਰ ਇਹ ਦੁੱਧ ਹੀ ਮੰਗਦਾ ਹੈ । ਆਪ ਰਜ਼ੀ ਅਲੱਾਹੁ ਅਨਹੁ ਨੇ ਪੁੱਛਿਆ ਉਹ ਕਿਉਂ? ਤਾਂ ਉਸ ਇਸਤਰੀ ਨੇ ਕਿਹਾ, ਉਮਰ ਰਜ਼ੀ ਅਲੱਾਹੁ ਅਨਹੁ ਕੇਵਲ ਉਹਨਾ ਬੱਚਿਆਂ ਦਾ ਵਜ਼ੀਫ਼ਾ ਨਿਯੁਕਤ ਕਰਦੇ ਹਨ ਜਿੰਨ੍ਹਾ ਦਾ ਦੁੱਧ ਛੁਡਾ ਦਿੱਤਾ ਗਿਆ ਹੋਵੇ । ਆਪ ਰਜ਼ੀ ਅਲੱਾਹੁ ਅਨਹੁ ਨੇ ਬੱਚੇ ਦੀ ਉਮਰ ਪੁੱਛੀ ਅਤੇ ਫ਼ਰਮਾਇਆ ਦੁੱਧ ਛੁਡਾਉਣ ਵਿੱਚ ਐਨ੍ਹੀ ਛੇਤੀ ਨ ਕਰੋ । ਉਸ ਦਿਨ ਜੱਦ ਆਪ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਨੂੰ ਫ਼ਜਰ ਦੀ ਨਮਾਜ਼ ਪੜ੍ਹਈ ਤਾਂ ਬੱਚੇ ਦੇ ਰੋਣ ਦੇ ਸਬਬ ਆਪ ਤੋਂ ਕੁਰਆਨ ਦੀ ਤਲਾਵਤ ਵੀ ਸਪਸ਼ਟ ਨਹੀਂ ਹੋ ਰਹੀ ਸੀ। ਆਪ ਨੇ ਫ਼ਰਮਾਇਆ, ਉਮਰ ਤੇਰਾ ਬੁਰਾ ਹੋਵੇ ਤੂੰ ਕਿੰਨ੍ਹੇ ਹੀ ਮੁਸਲਮਾਨ ਬੱਚਿਆਂ ਦਾ ਖ਼ੂਨ ਕਰ ਦਿਤੱਾ । ਇਸ ਦੇ ਬਾਦ ਆਪ ਰਜ਼ੀ ਅਲੱਾਹੁ ਅਨਹੁ ਨੇ ਐਲਾਨ ਕਰਵਾ ਦਿਤੱਾ ਅਤੇ ਸਾਰਿਆਂ ਦੇਸ਼ਾਂ ਵਿੱਚ ਇਹ ਹੁਕਮ ਭਿਜਵਾਇਆ ਕਿ ਬੱਚਿਆਂ ਦੇ ਦੁੱਧ ਛੁਡਾਉਣ ਵਿੱਚ ਛੇਤੀ ਨ ਕਰੋ ਅਸੀਂ ਹਰ ਪੈਦਾ ਹੋਣ ਵਾਲੇ ਬੱਚੇ ਦਾ ਵਜ਼ੀਫ਼ਾ ਨਿਯੁਕਤ ਕਰਦੇ ਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਕ ਰਾਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਫੇਰੀ ਲਾ ਰਹੇ ਸਨ ਤਾਂ ਆਪ ਨੇ ਇਕ ਇਸਤਰੀ ਨੂੰ ਇਸ਼ਕੀਆਂ ਸ਼ੇਅਰ ਪੜ੍ਹਦਿਆਂ ਹੋਇਆਂ ਸੁਣਿਆ । ਆਪ ਨੇ ਪਤਾ ਲਗਵਾਇਆ ਤਾਂ ਪਤਾ ਲਗੱਾ ਕਿ ਇਸ ਦਾ ਪਤੀ ਫ਼ੌਜ ਵਿੱਚ ਹੈ ਅਤੇ ਚਿਰ ਹੋਇਆ ਬਾਹਰ ਗਿਆ ਹੋਇਆ ਹੈ । ਇਸ'ਤੇ ਆਪ ਰਜ਼ੀ ਅਲੱਾਹੁ ਅਨਹੁ ਨੇ ਹੁਕਮ ਦਿਤੱਾ ਕਿ ਕੋਈ ਸਿਪਾਹੀ ਚਾਰ ਮਹੀਨੇ ਤੋਂ ਬਹੁਤਾ ਬਾਹਰ ਨ ਰਹੇ ।

ਇਸੇ ਪ੍ਰਕਾਰ ਇਕ ਰਾਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਮਦੀਨੇ ਦੇ ਬਾਹਰੀ ਭਾਗ ਵਿੱਚ ਸਨ । ਇਕ ਤੰਬੂ ਵਿੱਚੋਂ ਕਿਸੇ ਇਸਤਰੀ ਦੀਆਂ ਗਰਭ ਪਰਸੂਤੀ ਦੇ ਸਬਬ ਕਸ਼ਟ ਭਰੀਆਂ ਆਵਾਜ਼ਾਂ ਸੁਣਾਈ ਦਿੱਤੀਆਂ । ਆਪ ਨੇ

ਉਸ ਇਸਤਰੀ ਦਾ ਹਾਲ ਪੁੱਛਿਆ । ਉਸ ਨੇ ਕਿਹਾ ਕਿ ਮੈਂ ਮੁਸਾਫ਼ਰ ਪਰਦੇਸੀ ਹਾਂ ਅਤੇ ਮੇਰੇ ਕੋਲ ਕੁਛ ਨਹੀਂ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਵਾਪਸ ਘਰ ਆਏ ਅਤੇ ਆਪਣੀ ਪਤਨੀ ਉਮੇ ਕੁਲਸੂਮ ਬਿੰਤ ਅਲੀ ਅਤੇ ਪਰਸੂਤੀ ਵਾਸਤੇ ਲੋੜ ਦਾ ਸਮਾਨ ਨਾਲ ਲਿਆ ਅਤੇ ਉਸ ਇਸਤਰੀ ਕੋਲ ਪਹੁੰਚੇ । ਆਪ ਰਜ਼ੀ ਅਲੱਾਹੁ ਅਨਹੁ ਉਸ ਇਸਤਰੀ ਦੇ ਪਤੀ ਕੋਲ ਬਾਹਰ ਬੈਠੇ ਸਨ ਕਿ ਹਜ਼ਰਤ ਉਮੇ ਕੁਲਸੂਮ ਨੇ ਆਣਕੇ ਦੱਸਿਆ ਕਿ ਅਮੀਰੁਲ ਮੋਮਿਨੀਨ ! ਆਪਣੇ ਸਾਥੀ ਨੂੰ ਲੜਕੇ ਦੀ ਖ਼ੁਸ਼ਖ਼ਬਰੀ ਦੇ ਦੇਣ । ਜੱਦ ਉਸ ਵਿਕਤੀ ਨੇ 'ਅਮੀਰੁਲ ਮੋਮਿਨੀਨ' ਦੇ ਸ਼ਬਦ ਸੁਣੇ ਤਾਂ ਉਸ ਨੂੰ ਪਤਾ ਲਗੱਾ ਕਿ ਆਪ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਹਨ ।

ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਕ ਵਾਰ ਮੈਂ ਹਜ਼ਰਤ ਉਮਰ ਨੂੰ ਬਹੁਤ ਤੇਜ਼ੀ ਨਾਲ ਕਿਥੇ ਜਾਂਦਿਆਂ ਹੋਇਆਂ ਦੇਖਿਆ ਤਾਂ ਪੁੱਛਿਆ ਕਿ ਹੇ, ਅਮੀਰੁਲ ਮੋਮਿਨੀਨ ! ਆਪ ਕਿੱਥੇ ਜਾ ਰਹੇ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਸਦਕੇ ਦਾ ਇਕ ਊਠ ਭੱਜ ਗਿਆ ਹੈ ਉਸਨੂੰ ਭਾਲਣ ਜਾ ਰਿਹਾ ਹਾਂ । ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ ਕਿ ਆਪਨੇ ਆਪਣੇ ਬਾਦ ਆਉਣ ਵਾਲੇ ਖ਼ਲੀਫ਼ਿਆਂ ਲਈ ਬਹੁਤ ਔਖੇ ਮਾਰਗ ਨਿਯੁਕਤ ਕਰ ਦਿੱਤੇ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉੱਤਰ ਦਿਤੱਾ ਕਿ ਮੈਂਨੂੰ ਮਲਾਮਤ ਨ ਕਰੋ । ਉਸ ਦੀ ਸਹੁੰ ਜਿਸਨੇ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਨਬੁਵੱਤ ਦੇ ਨਾਲ ਪ੍ਰਕਟ ਕੀਤਾ, ਜੇਕਰ ਬਕਰੀ ਦਾ ਬਚੱਾ ਵੀ ਫ਼ਰਾਤ ਦਰਿਆ ਦੇ ਕੰਢੇ ਨਸ਼ਟ ਹੋ ਗਿਆ ਤਾਂ ਕਿਯਾਮਤ ਦੇ ਦਿਨ ਉਸ ਦੀ ਪੁੱਛ ਗਿੱਛ ਹੋਵੇਗੀ ।

ਇਕ ਬਹੁਤ ਵੱਡੇ ਇਸਾਈ ਕਬੀਲੇ ਦਾ ਸਰਦਾਰ ਜਬਲਾ ਬਿਨ ਐਹਮ ਮੁਸਲਮਾਨ ਹੋਇਆ ਅਤੇ ਹੱਜ ਦੇ ਮੌਕੇ ਕਿਸੇ ਗ਼ਰੀਬ ਮੁਸਲਮਾਨ ਦਾ ਪੈਰ੍ਹ ਉਸਦੇ ਪੈਰ੍ਹ'ਤੇ ਪੈ ਗਿਆ । ਜਬਲੇ ਨੇ ਗੁੱਸੇ ਵਿੱਚ ਆਣਕੇ ਉਸ ਨੂੰ ਥਪੱੜ ਮਾਰਿਆ। ਕਿਸੇ ਵਿਅਕਤੀ ਨੇ ਜਬਲੇ ਨੂੰ ਦੱਸਿਆ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਸ ਮੁਸਲਮਾਨ ਦਾ ਬਦਲਾ ਤੁਹਾਡੇ ਕੋਲੋਂ ਲੈਂਣਗੇ । ਇਹ ਸੁਣਕੇ ਜਬਲਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਕੋਲ ਗਿਆ ਅਤੇ ਪੁੱਛਿਆ ਕਿ ਜੇਕਰ ਕੋਈ ਬਹੁਤ ਵਡੱਾ ਵਿਅਕਤੀ ਕਿਸੇ ਛੋਟੇ ਵਿਅਕਤੀ ਨੂੰ ਥਪੱੜ ਮਾਰ ਦੇਵੇ ਤਾਂ ਆਪ ਕੀ ਕਰਦੇ ਹਨ ? ਹਜ਼ਰਤ ਉਮਰ ਨੇ ਫ਼ਰਮਾਇਆ ਕਿ ਇਸਲਾਮ ਵਿੱਚ ਛੋਟੇ ਵੱਡੇ ਦਾ ਕੋਈ ਭੇਦਭਾਵ ਨਹੀ । ਫਿਰ ਆਪ ਰਜ਼ੀ ਅਲੱਾਹੁ ਅਨਹੁ ਨੇ ਪੁੱਛਿਆ ਕਿ ਜਬਲਾ ! ਕਿਤੇ ਤੁਸੀਂ ਹੀ ਤਾਂ ਇਹ ਗ਼ਲਤੀ ਨਹੀਂ ਕਰ ਬੈਠੇ । ਇਸ'ਤੇ ਜਬਲੇ ਨੇ ਝੂਠ ਬੋਲ ਦਿਤੱਾ ਅਤੇ ਕਿਹਾ ਕਿ ਮੈਂ ਐਵੇਂ ਹੀ ਗੱਲ ਪੁੱਛ ਰਿਹਾ ਸੀ । ਇਹ ਕਹਿਕੇ ਉੱਥੋਂ ਉਠਿਆ ਅਤੇ ਆਪਣੀ ਕੌਮ ਸਣੇ ਮੁਰਤਦ ਹੋ ਗਿਆ ਅਤੇ ਇਸਲਾਮੀ ਹੁਕੂਮਤ ਦੇ ਵਿਰੁਧ ਰੋਮ ਦੀ ਜੰਗ ਵਿੱਚ ਸ਼ਾਮਲ ਹੋਇਆ ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸਦੀ ਪਰਵਾਹ ਨ ਕੀਤੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਉਹ ਬਰਾਬਰੀ ਸੀ ਜੋ ਇਸਲਾਮੀ ਹੁਕੂਮਤਾਂ ਦੇ ਸਥਾਪਤ ਕੀਤੀਆਂ ਅਤੇ ਅੱਜ ਦੀਆਂ ਇਸਲਾਮੀ ਹੁਕੂਮਤਾਂ ਲਈ ਵੀ ਸੀਖ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਅੱਗੇ ਵੀ ਜਾਰੀ ਰਹੇਗਾ ਆਖਣ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਚਾਰ ਮਰਹੂਮਾਂ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

**1** ਮੁਕਰੱਮ ਅਬਦੁਲ ਵਹੀਦ ਵੜਾਇਚ ਸਾਹਬ ਸਦਰ ਜਮਾਤ ਵਾਲਡਸ਼ੂਟ (Waldshut) ਜਰਮਨੀ, ਸਾਬਕ ਸਦਰ ਖ਼ੁਦੱਾਮੁਲ ਅਹਮਦੀਆ ਅਤੇ ਸਾਬਕ ਸੈਕ੍ਰੇਟਰੀ ਤਰਬੀਯਤ ਸਵਿਟਜ਼ਰਲੈਂਡ ਮਰਹੂਮ **12** ਮਈ ਨੂੰ ਮਾਊਂਟ

ਐਵਰਸਟ ਨੂੰ ਸਫ਼ਲਤਾ ਨਾਲ ਪਾਰ ਕਰਨ ਅਤੇ ਇਸ'ਤੇ ਅਹਮਦੀਅਤ ਦਾ ਝੰਡਾ ਲਹਿਰਾਉਣ ਦੇ ਬਾਦ ਹੇਠਾਂ ਉਤਰਦਿਆਂ ਹੋਇਆਂ ਸਵਾਸਥ ਵਿਗੜਨ ਕਰਕੇ ਇਕਤਾਲ੍ਹੀ ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਹਨ । اناللهوانااليهراجعون۔ । ਇਹਨਾਂ ਦੇ ਪਿਛੋਕੜ ਵਿੱਚ ਵਿਧਵਾ ਪਤਨੀ ਤੋਂ ਬਿਨਾ ਤਿੰਨ ਪੁੱਤਰ, ਦੋ ਪੁੱਤਰੀਆਂ, ਮਾਂ ਬਾਪ ਤੇ ਇਕ ਭਰਾ ਅਤੇ ਦੋ ਭੈਣਾ ਹਨ । ਮਰਹੂਮ ਇਕ ਉਧਾਰਣੀ ਅਮਹਦੀ ਸਨ ਜਿੰਨ੍ਹਾ ਵਿੱਚ ਮਨੁੱਖੀ ਸੇਵਾ ਦੀ ਇਕ ਅਥਾਹ ਭਾਵਨਾ ਸੀ । ਹਜ਼ੂਰ ਅਨਵਰ ਫ਼ਰਮਾਇਆ ਕਿ ਇਹਨਾ ਨੇ ਮੇਰੇ ਨਾਲ ਮੁਲਾਕਾਤ ਕੀਤੀ ਅਤੇ ਸੰਸਾਰ ਦੇ ਸੱਤ ਮਹਾਦ੍ਵੀਪਾਂ ਦੀਆਂ ਚੋਟੀਆਂ ਨੂੰ ਪਾਰ ਕਰਕੇ ਉਹਨਾ'ਤੇ ਅਹਮਦੀਅਤ ਦੇ ਝੰਡੇ ਨੂੰ ਲਹਿਰਾਉਣ ਦੀ ਆਗਿਆ ਮੰਗੀ । ਇਹਨਾ ਨੂੰ ਡਰ ਸੀ ਕਿ ਕਿਤੇ ਮੈਂ ਮਨਾ ਨ ਕਰ ਦਿਆਂ, ਪਰ ਮੈਂ ਇਹਨਾ ਨੂੰ ਕਿਹਾ ਕਿ ਜੇਕਰ ਜਾ ਸਕਦੇ ਹੋ ਤਾਂ ਝੰਡੇ ਗੱਡ ਦਿਓ । ਮੇਰੇ ਵਿਚਾਰ ਅਨੁਸਾਰ ਨਿਸ਼ਚੇ ਹੀ ਇਹਨਾ ਨੇ ਨੇਕ ਉਦੇਸ਼ ਤੇ ਭਾਵਨਾ ਨਾਲ ਇਸਲਾਮ ਅਤੇ ਅਹਮਦੀਅਤ ਅਤੇ ਰੱਬ ਦੀ ਤੌਹੀਦ ਦਾ ਸੰਦੇਸ਼ ਪਹੁੰਚਾਉਣ ਦਾ ਜਤਨ ਕੀਤਾ ਹੈ ਅਤੇ ਇਸ ਵਿੱਚ ਸਫ਼ਲ ਵੀ ਹੋਏ ਅਤੇ ਇਸ ਮੰਤਵ ਨਾਲ ਸਫ਼ਰ ਵਿੱਚ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਏ । ਇਹਨਾ ਨੇ ਨਿਸ਼ਚੇ ਹੀ ਸ਼ਹੀਦੀ ਦਾ ਦਰਜਾ ਪ੍ਰਾਪਤ ਕੀਤਾ ਹੋਵੇਗਾ । ਅਲੱਾਹ ਤਆਲਾ ਇਹਨਾ ਨੂੰ ਸ਼ਹੀਦਾਂ ਵਿੱਚ ਗਿਣੇ ।

2. ਮੁਹਤਰਮਾ ਅਮਤੁਨੂੱਰ ਸਾਹਿਬਾ ਸੁਪੱਤਨੀ ਡਾਕਟਰ ਅਬਦੁਲ ਮਾਲਿਕ ਸ਼ਮੀਮ ਸਾਹਬ ਸਪੁੱਤਰ ਮੌਲਵੀ ਅਬਦੁਲ ਬਾਕੀ ਸਾਹਬ ਜੋ 15 ਜੂਨ ਨੂੰ ਵਾਸ਼ਿੰਗਟਨ ਅਮਰੀਕਾ ਵਿੱਚ ਵਫ਼ਾਤ ਪਾ ਗਈ ਹਨ । اناللهوانااليهراجعون۔ । ਮਰਹੂਮਾ ਸਾਹਿਬਜ਼ਾਦੀ ਅਮਤੁਰੱਸ਼ੀਦ ਬੇਗ਼ਮ ਸਾਹਿਬਾ ਅਤੇ ਮੀਆਂ ਅਬਦੁਰੱਹਮਾਨ ਸਾਹਬ ਦੀ ਬੇਟੀ ਸਨ । ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੜਨਵਾਸੀ (ਪੜਦੋਹਤੀ) ਅਤੇ ਇਸੇ ਪ੍ਰਕਾਰ ਨਾਨਕਿਆਂ ਵੱਲੋਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਦੀ ਪੜਨਵਾਸੀ ਸਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਅਤੇ ਸਯੱਦਾ ਅਮਤੁਲ ਹਈ ਸਾਹਿਬਾ ਦੀ ਨਵਾਸੀ (ਦੋਹਤੀ) ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਪ੍ਰੋਫ਼ਸਰ ਅਲੀ ਅਹਮਦ ਆਫ਼ ਬਿਹਾਰ ਦੀ ਪੋਤੀ ਸਨ ।

3. ਮੁਕਰੱਮਾ ਬਿਸਮਿਲੱਾਹ ਬੇਗ਼ਮ ਸਾਹਿਬਾ ਸੁਪਤੱਨੀ ਮੁਕਰੱਮ ਨਾਸਿਰ ਅਹਮਦ ਖ਼ਾਨ ਸਾਹਿਬ ਬਹਾਦੁਰ ਸ਼ੇਰ ਅਫ਼ਸਰ ਹਿਫ਼ਾਜ਼ਤ ਖ਼ਾਸ ਅਤੇ

4. ਮੁਕਰੱਮ ਕਰਨਲ ਜਾਵੇਦ ਰਸ਼ਦੀ ਸਾਹਬ ਸਪੁੱਤਰ ਚੌਧਰੀ ਅਬਦੁਲ ਗ਼ਨੀ ਸਾਹਬ ਆਫ਼ ਰਾਵਲਪਿੰਡੀ । ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾਂ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ۔ عِبَادَ اللّٰهِ رحمكم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى
وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 25.06.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131